
## ਆਪਣੇ ਬੱਚੇ ਦੀ ਮਦਦ ਕਰਨੀ

*ਸ਼ੋਧ ਇਹ ਦਿਖਾਉਂਦੀ ਹੈ ਕਿ ਛਾਤਰ ਦੀ ਪਹਿਲੀ ਭਾਸ਼ਾ ਜਿੰਨੀ ਬਿਹਤਰ ਵਿਕਸਤ ਹੈ ਉਸਨੂੰ ਦੂਜੀ ਭਾਸ਼ਾ ਸਿਖਣ ਵਿਚ ਉੱਨੀ ਹੀ ਸਫਲਤਾ ਪ੍ਰਾਪਤ ਹੋਏਗੀ।*



## ਤੁਹਾਡੇ ਬੱਚੇ ਵਿਚ ਤਣਾਅ ਦੇ ਸੰਕੇਤ

ਇਕ ਨਵੀਂ ਸਕੂਲ ਪਰਣਾਲੀ ਵਿਚ ਇਕ ਨਵੀਂ ਭਾਸ਼ਾ ਸਿੱਖਣਾ ਵਿਦਿਆਰਥੀਆਂ ਲਈ ਤਣਾਅ ਨਾਲ ਭਰਿਆ ਹੋ ਸਕਦਾ ਹੈ। ਤੁਸੀਂ ਆਪਣੇ ਬੱਚੇ ਵਿਚ ਨਿਮਨਲਿਖਤ ਲੱਛਣ, ਸਾਰੇ ਜਾਂ ਕੁਝ ਹੱਦ ਤੱਕ, ਵੇਖ ਸਕਦੇ ਹੋ:

- ਅਰੰਭਿਕ ਮਹੀਨਿਆਂ ਦਾ ਜੋਸ਼ ਅਤੇ ਉਤਸ਼ਾਹ, ਨਿਰਾਸ਼ਾ ਅਤੇ ਗੁੱਸੇ ਵਿਚ ਬਦਲ ਜਾਣਾ।
- ਘਰ ਅਤੇ ਸਕੂਲ ਦੋਹਾਂ ਵਿਚ ਵਰਤਾਉ ਦੀ ਤਬਦੀਲੀ।
- ਬਿਮਾਰੀ ਮਹਿਸੂਸ ਕਰਨਾ ਜਾਂ ਸਕੂਲ ਜਾਣ ਦੀ ਇੱਛਾ ਨਾ ਹੋਣਾ।
- ਬੋਲਣ ਤੋਂ ਇਨਕਾਰ ਕਰਨਾ ਜਾਂ ਇੰਗਲਿਸ਼ ਵਿਚ ਬਹੁਤ ਘੱਟ ਬੋਲਣਾ।
- ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਅਸਵੀਕਾਰ ਕਰਨਾ।
- ਮਿੱਤਰਾਂ ਨਾਲ ਬਿਤਾਇਆ ਸਮਾਂ ਪਰਿਵਾਰ ਨਾਲ ਬਿਤਾਏ ਸਮਾਂ ਤੋਂ ਜਿਆਦਾ ਜਰੂਰੀ ਬਣ ਜਾਣਾ।

ਇਹ ਵਤੀਰੇ ਅਤੇ ਮਨੋਬਿਰਤੀ ਇਕ ਆਮ ਗਲ ਹੈ। ਜੇ ਤੁਸੀਂ ਆਪਣੇ ਬੱਚੇ ਦੇ ਬਾਰੇ ਫਿਕਰ ਕਰ ਰਹੇ ਹੋ ਤਾਂ ਤੁਸੀਂ ਕਲਾਸ ਜਾਂ ਈ ਐਸ ਐਲ ਅਧਿਆਪਕ ਨਾਲ ਗੱਲ ਬਾਤ ਕਰੋ। ਤੁਸੀਂ ਆਪਣੀ ਭਾਸ਼ਾ ਬੋਲਣ ਵਾਲੇ ਮਲਟੀਕਲਚਰਲ ਵਰਕਰ ਤੋਂ ਵੀ ਸਹਾਇਤਾ ਲੈ ਸਕਦੇ ਹੋ।

**"Ways you can Support your Child's Learning at Home"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪਾਜੈੱਕਟ ਸੰਭਵ ਹੋਇਆ ਹੈ।

# ਘਰ ਵਿੱਚ ਪੜ੍ਹਾਈ ਲਈ ਆਪਣੇ ਬੱਚੇ ਦੀ ਮਦਦ ਕਰਨ ਦੇ ਤਰੀਕੇ



## ਆਪਣੇ ਬੱਚੇ ਦੀ ਮਦਦ ਕਰਨ ਦੇ ਤਰੀਕੇ



***ਨਵੀਂ ਭਾਸ਼ਾ ਸਿੱਖਣਾ ਇਕ ਲੰਮਾ ਅਤੇ ਪੇਚੀਦਾ ਮਾਮਲਾ ਹੈ। ਕਿਸੀ ਵੱਖਰੀ ਸਕੂਲ ਪਰਣਾਲੀ ਅਤੇ ਵੱਖਰੇ ਦੇਸ਼ ਵਿਚ ਇਕਸਾਰ ਹੋਣਾ ਕਦੇ ਵੀ ਸੌਖਾ ਨਹੀਂ ਹੁੰਦਾ। ਕਈ ਵਿਦਿਆਰਥੀਆਂ ਨੂੰ ਸਕੂਲੀ ਜਿੰਦਗੀ ਚੁਣੌਤੀ ਦੀ ਤਰਾਂ, ਇਥੋਂ ਤਕ ਕਿ ਮੁਸ਼ਕਲ ਵੀ ਲੱਗੇਗੀ। ਤੁਹਾਡੇ ਬੱਚੇ ਨੂੰ ਤੁਹਾਡੀ ਸਮਝ ਅਤੇ ਮਦਦ ਦੀ ਲੋੜ ਹੈ।***

## ਘਰ ਵਿਚ ਤੁਸੀਂ ਕਿਸ ਤਰਾਂ ਆਪਣੇ ਬੱਚੇ ਦੀ ਸਿੱਖਿਆ ਪਰਾਪਤੀ ਵਿਚ ਮਦਦ ਕਰ ਸਕਦੇ ਹੋ:

1. ਹੋਮਵਰਕ ਅਤੇ ਪੜ੍ਹਾਈ ਲਈ ਨਿਸ਼ਚਿਤ ਸਮੇਂ ਅਤੇ ਸ਼ਾਂਤ ਜਗ੍ਹਾ ਦਾ ਇੰਤਜਾਮ ਕਰੋ। ਜੇ ਤੁਹਾਡਾ ਘਰ ਰੁੱਝਾ ਹੋਇਆ ਅਤੇ ਸ਼ੋਰ ਨਾਲ ਭਰਿਆ ਹੋਇਆ ਹੈ ਤਾਂ ਪਬਲਿਕ ਲਾਇਬ੍ਰੇਰੀਆਂ ਵਿਚ ਵਿਦਿਆਰਥੀਆਂ ਦੇ ਪੜ੍ਹਾਈ ਲਈ ਥਾਂਵਾਂ ਹੁੰਦੀਆਂ ਹਨ।

2. ਸਕੂਲ ਦੇ ਦਿਨ ਵਿਚ ਕੀ ਵਾਪਰਿਆ ਹੈ, ਉਸ ਬਾਰੇ ਆਪਣੇ ਬੱਚੇ ਨਾਲ ਗੱਲ ਬਾਤ ਕਰੋ ਅਤੇ ਉਸਨੂੰ ਸਕੂਲ ਵਿਚ ਕੀਤੇ ਹੋਏ ਕੰਮ (ਜਿਵੇਂ ਕਿ ਕਲਾ, ਲਿਖਾਈ, ਟੇਸਟ) ਨੂੰ ਵਿਖਾਉਣ ਲਈ ਪੁੱਛੋ।

3. ਛੋਟੇ ਬੱਚਿਆਂ ਨੂੰ ਸੈਰ ਕਰਾਉਣ ਲੈ ਜਾਓ ਅਤੇ ਜੋ ਵੀ ਨਜਰ ਆਉਂਦਾ ਹੈ, ਉਸਦੇ ਬਾਰੇ ਗੱਲ ਬਾਤ ਕਰੋ। ਇੰਜ ਕਰਨ ਨਾਲ ਨਿਆਣਿਆਂ ਨੂੰ ਆਂਢ ਗੁਆਂਢ ਦੇ ਬਾਰੇ ਵਿਚ ਜਾਣਕਾਰੀ ਹੋ ਜਾਏਗੀ ਅਤੇ ਵੱਡੇ ਬੱਚਿਆਂ ਨੂੰ ਪੜ੍ਹਾਈ ਲਈ ਸ਼ਾਂਤ ਸਮਾਂ ਮਿਲ ਜਾਏਗਾ।

4. ਆਪਣੇ ਬੱਚੇ ਤੋਂ ਸਕੂਲ ਅਤੇ ਅਧਿਆਪਕ ਕੋਲੋਂ ਮਿਲੇ ਰੁੱਕੇ, ਪੱਤਰ ਅਤੇ ਸੂਚਨਾਵਾਂ ਮੰਗੋ। ਜੇ ਤੁਸੀਂ ਇਹਨਾਂ ਨੂੰ ਆਪ ਨਹੀਂ ਪੜ੍ਹ ਸਕਦੇ ਤਾਂ ਮਲਟੀਕਲਚਰ ਵਰਕਰ ਜਾਂ ਕਿਸੇ ਮਿੱਤਰ ਨੂੰ ਅਨੁਵਾਦ ਕਰਨ ਲਈ ਕਹੋ।

5. ਜੂਨ ਦੇ ਮਹੀਨੇ ਵਿਚ ਸਕੂਲ ਵੱਲੋਂ ਅਗਲੇ ਸਕੂਲ ਵਰ੍ਹੇ ਦਾ ਕੈਲੰਡਰ ਵੰਡਿਆ ਜਾਂਦਾ ਹੈ। ਇਸ ਵਿਚ ਸਕੂਲ ਦੀਆਂ ਤਾਰੀਖਾਂ ਬਾਰੇ ਜਰੂਰੀ ਜਾਣਕਾਰੀ ਦਿੱਤੀ ਹੁੰਦੀ ਹੈ।

6. ਆਪਣੀ ਮਾਤ ਭਾਸ਼ਾ ਦੀ ਹਰ ਰੋਜ਼ ਵਰਤੋਂ ਕਰੋ। ਜਿਵੇਂ ਕਿ ਰੋਟੀ ਖਾਣ ਦੇ ਸਮੇਂ ਇਕ ਦੂਜੇ ਨਾਲ ਗੱਲ ਬਾਤ ਕਰਨੀ, ਆਪਣੀ ਮਾਤ ਭਾਸ਼ਾ ਵਿਚ ਕਹਾਣੀਆਂ ਪੜ੍ਹਨਾ ਅਤੇ / ਜਾਂ ਸੁਣਾਨਾ।

7. ਆਪਣੇ ਬੱਚੇ ਨੂੰ ਸਕੂਲ ਵਿਚ ਪੜ੍ਹਾਏ ਜਾ ਰਹੇ ਨਵੇਂ ਮਜ਼ਮੂਨਾਂ ਬਾਰੇ ਆਪਣੀ ਮਾਤ ਭਾਸ਼ਾ ਵਿਚ ਪਿਛੋਕੜ ਜਾਣਕਾਰੀ ਦਿਓ। ਕਿਤਾਬਾਂ ਪੜ੍ਹੋ, ਇਕੱਠੇ ਵੀਡੀਓ ਵੇਖੋ ਅਤੇ ਵੱਖ-ਵੱਖ ਮਜ਼ਮੂਨਾਂ ਤੇ ਗੱਲ ਬਾਤ ਕਰੋ। ਇਹਨਾਂ ਮਜ਼ਮੂਨਾਂ ਬਾਰੇ ਇੰਟਰਨੇਟ ਤੇ ਆਪਣੀ ਮਾਤ ਭਾਸ਼ਾ ਵਿਚ ਜਾਣਕਾਰੀ ਪਰਾਪਤ ਕਰਨ ਦੀ ਕੋਸ਼ਿਸ਼ ਕਰੋ।

8. ਜੇ ਤੁਹਾਡਾ ਬੱਚਾ ਪਰੇਸ਼ਾਨ ਹੈ ਅਤੇ ਨਹੀਂ ਸਮਝ ਰਿਹਾ ਕਿ ਅਧਿਆਪਕ ਕੀ ਚਾਹੁੰਦੇ ਹਨ, ਤੇ ਉਸਨੂੰ ਉਤਸ਼ਾਹ ਦਿਓ ਕਿ ਉਹ ਅਧਿਆਪਕ ਨਾਲ ਗੱਲ ਬਾਤ ਕਰੇ।



.

9. ਇਕ ਨਵੀਂ ਭਾਸ਼ਾ ਸਿਖਣਾ ਬਹੁਤ ਹਿੰਮਤ ਦਾ ਕੰਮ ਹੈ। ਧਿਆਨ ਰਹੇ ਕਿ ਤੁਹਾਡੇ ਬੱਚੇ ਨੂੰ ਭਰਪੂਰ ਨੀਂਦ ਮਿਲ ਰਹੀ ਹੈ। (ਬੱਚਿਆਂ ਅਤੇ ਗੱਭਰੂਆਂ ਲਈ 8 ਤੋਂ 10 ਘੰਟੇ ਸੌਣ ਦੀ ਸਿਫਾਰਿਸ਼ ਕੀਤੀ ਗਈ ਹੈ)।

10. ਆਪਣੇ ਬੱਚੇ ਨੂੰ ਦੱਸੋ ਕਿ ਤੁਹਾਡੇ ਵਿਚਾਰ ਵਿਚ ਇੰਗਲਿਸ਼ ਸਿਖਣਾ ਜਰੂਰੀ ਹੈ। ਸਕੂਲ ਤੋਂ ਬਾਹਰ ( ਜਿਵੇਂ ਕਿ ਕਮਿਊਨਿਟੀ ਸੇਂਟਰ, ਖੇਡਾਂ ਦੇ ਪ੍ਰੋਗ੍ਰਾਮ, ਨੋਜਵਾਨਾਂ ਦੇ ਕਲੱਬ, ਸਕੂਲ ਦੇ ਮਿੱਤਰਾਂ ਨਾਲ ਗੁਜਾਰੇ ਹੋਏ ਸਮਾਂ ਆਦਿ) ਇੰਗਲਿਸ਼ ਇਸਤੇਮਾਲ ਕਰਨ ਦੇ ਮੌਕੇ ਲੱਭਣ ਵਿਚ ਆਪਣੇ ਬੱਚੇ ਦੀ ਮਦਦ ਕਰੋ।

11. ਸਬਰ ਰਖੋ। ਇਹ ਸਮਝ ਲਓ ਕਿ ਨਵੀਂ ਭਾਸ਼ਾ ਸਿੱਖਣਾ ਅਤੇ ਨਵੀਂ ਸਕੂਲ ਪਰਣਾਲੀ ਵਿਚ ਸਿੱਖਿਆ ਪ੍ਰਾਪਤ ਕਰਨਾ ਇਕ ਲੰਮੀ ਕਾਰਵਾਈ ਹੈ।